3-3-96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਰੋਜ਼ਾਨਾ ਅਖਬਾਰਾਂ ਵਿਚ ਸਾਹਿਤ :** ਪੰਜਾਬੀ ਦੇ ਰੋਜ਼ਾਨਾ ਅਖਬਾਰਾਂ ਦੀ ਇਹ ਚੰਗੀ ਰਵਾਇਤ ਹੈ ਕਿ ਇਨ੍ਹਾਂ ਵਿਚ ਸਾਹਿਤ ਨੂੰ ਪੂਰੀ ਪ੍ਰਤੀਨਿਧਤਾ ਮਿਲਦੀ ਹੈ। ਪੰਜਾਬੀ ਦੇ ਮਾਸਿਕ ਜਾਂ ਤ੍ਰੈਮਾਸਿਕ ਪਤਰ ਲੈ ਲਈਏ ਤਾਂ ਪਾਠਕਾਂ ਦੀ ਗਿਣਤੀ ਕੁਝ ਕੁ ਹਜ਼ਾਰ ਹੋਵੇਗੀ ਪਰ ਰੋਜ਼ਾਨਾ ਅਖਬਾਰਾਂ ਦੀ ਗਿਣਤੀ ਲੱਖਾਂ ਵਿਚ ਚਲੀ ਜਾਂਦੀ ਹੈ। ਇਹ ਅਖਬਾਰਾਂ ਪਿੰਡ ਪਿੰਡ ਪੁੱਜਦੀਆਂ ਹਨ। ਬਾਹਰਲੇ ਦੇਸ਼ਾਂ ਵਿਚ ਵੀ ਪੁੱਜਦੀਆਂ ਹਨ। ਪਿਛਲੇ ਦਿਨਾਂ ਵਿਚ ਕੁਝ ਸ਼ਕਤੀਸ਼ਾਲੀ ਰਚਨਾਵਾਂ ਅਖਬਾਰਾਂ ਵਿਚ ਪੜ੍ਹਣ ਨੂੰ ਮਿਲੀਆਂ ਹਨ, ਜਿਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਕੀਤਾ ਜਾ ਰਿਹਾ ਹੈ।

21 ਜਨਵਰੀ, 1996, 'ਪੰਜਾਬੀ ਟ੍ਰਿਬਿਊਨ' ਵਿਚ ਮਹਿੰਦਰ ਸਿੰਘ ਸਰਨਾ ਦੀ ਕਹਾਣੀ 'ਸਿੱਖੀ ਦੀ ਸਮਝ' ਇਕ ਬਹੁਤ ਹੀ ਵਧੀਆ ਕਹਾਣੀ ਹੈ। ਇਸ ਕਹਾਣੀ ਵਿਚ ਧਰਮਾਂ ਵਿਚ ਇਨਸਾਨੀ ਗੁਣਾਂ ਦੀ ਗੱਲ ਕੀਤੀ ਗਈ ਹੈ। ਇਹ ਆਪਣੇ ਆਪ ਵਿਚ ਇਕ ਮਹੱਤਵਪੂਰਨ ਰਚਨਾ ਬਣਦੀ ਹੈ। ਵੱਡੀ ਗੱਲ ਹੈ ਕਿ ਇਸ ਕਹਾਣੀ ਵਿਚ ਕੋਈ ਸ਼ਾਵਨਵਾਦੀ ਪਹੁੰਚ ਨਹੀਂ ਅਪਣਾਈ ਗਈ, ਸਗੋਂ ਇਕ ਵਿਸ਼ਾਲਤਾ ਵਾਦੀ ਪਹੁੰਚ ਅਪਣਾ ਕੇ ਸਾਡੇ ਇਨਸਾਨੀ ਜਜ਼ਬਿਆਂ ਨੂੰ ਟੁੰਬਿਆ ਹੈ। ਨਿੱਕੀ ਕਹਾਣੀ ਦੀ ਵਿਧਾ ਵਿਚ ਇਹ ਇਕ ਸਾਂਭਣ ਵਾਲੀ ਰਚਨਾ ਹੈ।

10 ਫਰਵਰੀ 1996 'ਪੰਜਾਬੀ ਟ੍ਰਿਬਿਊਨ' ਵਿਚ ਬੰਗਾਲ ਦੀ ਪ੍ਰਸਿੱਧ ਕਹਾਣੀ ਲੇਖਿਕਾ ਆਸ਼ਾਪੂਰਣਾ (1909-1995) ਦੀ ਕਹਾਣੀ 'ਮੁਹੱਲੇ ਦਾ ਮੁੰਡਾ' ਨਿੱਕੀ ਕਹਾਣੀ ਦੀ ਵਿਧਾ ਵਿਚ ਇਕ ਕਲਾਸਕੀ ਕਹਾਣੀ ਹੈ। ਇਸ ਵਿਚ ਇਕ ਵਿਅਕਤੀ ਦੀ ਵੱਖ ਵੱਖ ਹਾਲਤਾਂ ਵਿਚ ਬਦਲਦੀ ਮਾਨਸਿਕਤਾ ਦੀ ਗੱਲ ਕੀਤੀ ਗਈ ਹੈ। ਪ੍ਰੋ. ਨਵਸੰਗੀਤ ਸਿੰਘ ਨੇ ਅਨੁਵਾਦ ਲਈ ਇਹ ਰਚਨਾ ਚੁਣ ਕੇ ਸਾਹਿਤ ਪ੍ਰਤੀ ਆਪਣਾ ਫਰਜ਼ ਬਖੂਬੀ ਨਿਭਾਇਆ ਹੈ।

ਪਰ ਇਨ੍ਹਾਂ ਦਿਨਾਂ ਵਿਚ ਸਾਰਿਆਂ ਨਾਲੋਂ ਸਾਰਥਕ ਰਚਨਾ ਤਸਲੀਮਾ ਨਸਰੀਨ ਦੀ 23 ਫਰਵਰੀ, 1996 'ਪੰਜਾਬੀ ਟ੍ਰਿਬਿਊਨ' ਵਿਚ ਛਪੀ "'ਮੈਨੂੰ ਰੌਸ਼ਨੀ ਵਿਚ ਆਉਣ ਦਿਓ' ਹੈ। ਇਹ ਵੀ ਪ੍ਰੋ. ਨਵਸੰਗੀਤ ਸਿੰਘ ਨੇ ਪੰਜਾਬੀ ਪਾਠਕਾਂ ਨੂੰ ਤੋਹਫਾ ਦਿੱਤਾ ਹੈ। ਮੈਨੂੰ ਰੌਸ਼ਨੀ ਵਿਚ ਆਉਣ ਦਿਓ ਆਜ਼ਾਦੀ ਮੰਗਦੀ ਔਰਤ ਦੀ ਇਕ ਸ਼ਕਤੀਸ਼ਾਲੀ ਸਾਹਿਤਕ ਸ਼ੈਲੀ ਦੀ ਰਚਨਾ ਹੈ। ਔਰਤਾਂ ਉਤੇ ਲਗੀਆਂ ਸਾਰੀਆਂ ਬੰਦਸ਼ਾਂ ਦੀ ਗੱਲ ਕਰਦੀ ਤਸਲੀਮਾ ਲੇਖ ਦੇ ਆਖਰੀ ਪੈਰੇ ਵਿਚ ਕਹਿੰਦੀ ਹੈ - ਸਮਾਜ ਦੀਆਂ ਔਰਤਾਂ, ਆਦਮੀਆਂ ਦੇ ਡੰਗ ਸਾਰਨ ਦੇ ਡਰੋਂ ਆਪਣੀਆਂ ਸਾਰੀਆਂ ਇਛਾਵਾਂ, ਸਾਰੀਆਂ ਖੁਸ਼ੀਆਂ ਅਤੇ ਸੁਪਨਿਆਂ ਦੇ ਸੰਸਾਰ ਨੂੰ ਜਲਾ ਕੇ ਆਦਮੀ ਦੇ ਘਰ ਨੂੰ ਮੰਗਲਮਈ ਕਰਦੀਆਂ ਹਨ। ਔਰਤ ਦੇ ਇਸ ਅਰਥਹੀਣ ਜੀਵਨ ਪ੍ਰਤੀ ਸ਼ੋਕ ਅਤੇ ਸੰਤਾਪ ਨਾਲ ਗ੍ਰਸੀ ਹੋਈ ਮੈਂ ਸ਼ਰਮਿੰਦਾ ਹਾਂ। ਪਾਠਕੋ, ਤੁਹਾਡੇ ਵਿਚ ਜੇ ਇਨਸਾਨੀਅਤ ਨਾਂ ਦੀ ਕੋਈ ਚੀਜ਼ ਹੈ ਤਾਂ ਤੁਸੀਂ ਵੀ ਇਸ ਤੋਂ ਸ਼ਰਮਿੰਦਾ ਹੋਵੋ -।" ਸਾਡੇ ਲਈ ਤਾਂ ਇਹੋ ਵੱਡੀ ਸ਼ਰਮਿੰਦਗੀ ਦੀ ਗੱਲ ਹੈ ਕਿ ਸਾਡੀ ਸਰਕਾਰ ਨੇ ਤਲੀਮਾ ਨਸਰੀਨ ਨੂੰ ਸਾਡੇ ਦੇਸ਼ ਵਿਚ ਆਉਣ ਲਈ ਵੀਜ਼ਾ ਨਹੀਂ ਦਿੱਤਾ।

ਇਨ੍ਹਾਂ ਲਿਖਤਾਂ ਤੇ ਹੋਰ ਵੀ ਸ਼ਕਤੀਸ਼ਾਲੀ ਲਿਖਤਾਂ ਜੋ ਰੋਜ਼ਾਨਾ ਅਖਬਾਰਾਂ ਵਿਚ ਆਉਂਦੀਆਂ ਹਨ, ਸੰਦਰਭ ਵਿਚ ਇਹ ਕਹਿਣਾ ਬਣਦਾ ਹੈ ਕਿ ਸਾਹਿਤਕ ਆਲੋਚਨਾ ਦੇ ਖੇਤਰ ਵਿਚ ਇਹ ਕਿਰਤਾਂ ਧਿਆਨ ਦੀਆਂ ਹੱਕਦਾਰ ਹਨ।

**ਤਰਕਸ਼ੀਲ ਲਹਿਰ ਦੇ ਨਾਟਕ :** ਸਾਡੀਆਂ ਅਵਾਮੀ ਲਹਿਰਾਂ ਵਿਚ ਤਰਕਸ਼ੀਲ ਲਹਿਰ ਹੁਣ ਇਕ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਇਸ ਲਹਿਰ ਨਾਲ ਜੁੜੇ ਹੋਏ ਨਾਟਕਾਂ ਦਾ ਆਪਣਾ ਇਤਹਾਸ ਵੀ ਹੈ ਤੇ ਆਪਣੀ ਇਕ ਭੂਮਿਕਾ ਵੀ ਹੈ। ਇਸ ਲਹਿਰ ਨਾਲ ਸਬੰਧਤ ਪਹਿਲਾ ਨਾਟਕ ਮੈਂ 1986 ਵਿਚ 'ਦੇਵ ਪੁਰਸ਼ ਹਾਰ ਗਏ' ਲਿਖਿਆ। ਇਸ ਨਾਟਕ ਦਾ ਨਾਂ ਡਾ. ਕਾਵੂਰ ਦੀ ਪ੍ਰਸਿੱਧ ਕਿਤਾਬ ਦੇ ਨਾਂ ਉਤੇ ਹੀ ਸੀ। ਲੋਕ ਕਲਾ ਮੰਚ ਮਾਛੀਵਾੜਾ ਵਲੋਂ ਇਹ ਨਾਟਕ ਬੜੀ ਹੀ ਸਫਲਤਾ ਨਾਲ ਖੇਡਿਆ ਗਿਆ। ਇਹ ਨਾਟਕ ਹੁਣ ਵੀ ਬਹੁਤ ਖੇਡਿਆ ਜਾਂਦਾ ਹੈ, ਪਰ ਇਸ ਦੀਆਂ ਮੁੱਢਲੀਆਂ ਪੇਸ਼ਕਾਰੀਆਂ ਯਾਦਗਾਰੀ ਦਰਜਾ ਰਖਦੀਆਂ ਹਨ। ਇਸ ਲਹਿਰ ਨਾਲ ਸਬੰਧਤ ਅਜਮੇਰ ਔਲਖ ਹੋਰਾਂ ਦਾ ਨਾਟਕ 'ਸੁੱਕੀ ਕੁੱਖ' ਵੀ ਇਕ ਐਸੀ ਰਚਨਾ ਹੈ, ਜਿਸ ਨੂੰ ਪੰਜਾਬੀ ਨਾਟਕ ਦੀ ਪ੍ਰਾਪਤੀ ਕਿਹਾ ਜਾ ਸਕਦਾ ਹੈ। 'ਸਾੜ੍ਹਸੱਤੀ' ਜੋ 1994 ਦੇ ਪ.ਲਸਮੰਚ ਦੇ ਲੁਧਿਆਣਾ ਸਮਾਗਮ ਵਿਚ ਪਹਿਲੇ ਪਹਿਲ ਖੇਡਿਆ ਗਿਆ ਅਤੇ ਜੋ ਮਾਸਟਰ ਤ੍ਰਿਲੋਚਨ ਸਿੰਘ ਵਲੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਗਿਆ ਅਤੇ ਆਰਟ ਸੈਂਟਰ ਸਮਰਾਲਾ ਵਲੋਂ ਖੇਡਿਆ ਜਾ ਰਿਹਾ ਹੈ, ਤਰਕਸ਼ੀਲ ਲਹਿਰ ਦਾ ਸਾਰਿਆਂ ਨਾਲੋਂ ਮਕਬੂਲ ਨਾਟਕ ਹੈ। ਇਸੇ ਲਹਿਰ ਨਾਲ ਸਬੰਧਤ ਸੰਤੋਖ ਸਿੰਘ ਧੀਰ ਦੀ ਕਹਾਣੀ ਡੈਣ ਉਤੇ ਆਧਾਰਤ ਸੰਜੀਵਨ ਵਲੋਂ ਲਿਖਿਆ ਨਾਟਕ ਜੋ ਬੀ. ਪੀ. ਸਿੰਘ ਦੀ ਨਿਰਦੇਸ਼ਨ ਥੱਲੇ ਸਰਘੀ ਕਲਾ ਮੰਚ ਮੋਹਾਲੀ ਵਲੋਂ 1993 ਵਿਚ ਖੇਡਿਆ ਗਿਆ, ਇਕ ਵਿਸ਼ੇਸ਼ ਥਾਂ ਰੱਖਦਾ ਹੈ। ਅਜਮੇਰ ਔਲਖ ਦਾ ਹੋਰ ਨਾਟਕ ਚਾਨਣ ਦੇ ਵਣਜਾਰੇ' ਦਾ ਵੀ ਜ਼ਿਕਰ ਕਰਨਾ ਬਣਦਾ ਹੈ। ਦਰਸ਼ਨ ਮਿਤਵਾ ਦਾ ਲਿਖਿਆ ਨਾਟਕ 'ਪਰੇਤ' ਜੋ ਮਾਨਸਾ ਦੇ ਸੁਰਜੀਤ ਗਾਮੀ ਵਲੋਂ ਖੇਡਿਆ ਜਾ ਰਿਹਾ ਹੈ, ਦਰਸ਼ਕਾਂ ਲਈ ਇਕ ਖਿੱਚ ਰੱਖਦਾ ਹੈ। ਮੇਰਾ ਨਾਟਕ 'ਬਾਂਝ' ਵੀ ਹੁਣ ਇਸ ਲਹਿਰ ਦੀ ਨਾਟਕਾਂ ਦੀ ਲਹਿਰ ਵਿਚ ਸ਼ਾਮਿਲ ਹੈ।

1951-52 ਵਿਚ ਅਮਨ ਲਹਿਰ ਨਾਲ ਜੁੜੇ ਹੋਏ ਓਪਰੇਟਿਆਂ ਨੇ ਬੜੀ ਪ੍ਰਸਿੱਧਤਾ ਲਈ ਸੀ। ਤੇਰਾ ਸਿੰਘ ਚੰਨ ਦੀ 'ਲੱਕੜ ਦੀ ਲੱਤ' ਉਹਦੀ ਮਿਸਾਲ ਹੈ। ਲਹਿਰਾਂ ਨਾਲ ਜੁੜਦੇ ਨਾਟਕ ਇਹ ਸਾਬਤ ਕਰਦੇ ਹਨ ਕਿ ਪੰਜਾਬੀ ਨਾਟਕ ਹਮੇਸ਼ਾ ਸਮੇਂ ਨਾਲ ਚਲਿਆ ਹੈ। ਇਹੀ ਇਹਦੀ ਸ਼ਕਤੀ ਹੈ ਤੇ ਇਹੀ ਇਸ ਦੀ ਪ੍ਰਾਪਤੀ ਹੈ।